Weekly

# CANADA SIKH TIMES

1 - 7 October, 2023

ਕੈਨੇਡਾ ਸਿੱਖ ਟਾਈਮਜ਼

Volume 1 Issue 18

• RELIGION • CULTURE • HERITAGE • BUSINESS

## Government of Canada unlocking $20 billion in new financing




The Honourable Chrystia Freeland, Deputy Prime Minister and Minister of Finance, announced that the annual limit for Canada Mortgage Bonds is being increased from $40 billion to up to $60 billion. This change is the next step in the government's plan to build more homes, faster, and will unlock low-cost financing for multi-unit rental construction. This new measure will help to build up to 30,000 more rental apartments per year.

The Canada Mortgage and Housing Corporation (CMHC) and the Canada Mortgage Bond program support the low-cost financing of new rental housing by providing mortgage loan insurance and securitization.

By signalling to builders that they can rely on this additional financing, more projects will be able to move forward and increase the supply of rental apartments for Canadians.

## ਸਰਬਜੋਤ ਸਿੰਘ, ਅਰਜੁਨ ਸਿੰਘ ਅਤੇ ਸਿਫ਼ਤ ਕੌਰ ਦੇ ਖ਼ਾਤੇ ਪਿਆ ਸੋਨ ਤਮਗਾ





ਚੀਨ 'ਚ ਚੱਲ ਰਹੀਆਂ ਏਸ਼ੀਅਨ ਖੇਡਾਂ ਦੇ 5ਵੇਂ ਦਿਨ ਭਾਰਤ ਨੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਟੀਮ ਮੁਕਾਬਲੇ ਵਿੱਚ ਸੋਨ ਤਮਗਾ ਆਪਣੇ ਨਾਮ ਕਰ ਲਿਆ ਹੈ। ਸਰਬਜੋਤ ਸਿੰਘ, ਅਰਜੁਨ ਸਿੰਘ ਚੀਮਾ ਅਤੇ ਸ਼ਿਵ ਨਰਵਾਲ ਨੇ ਚੀਨ ਦੀ ਟੀਮ ਨੂੰ ਬੇਹੱਦ ਕਰੀਬੀ ਮੈਚ ਵਿੱਚ ਹਰਾ ਕੇ ਸਿਖਰਲਾ ਸਥਾਨ ਹਾਸਲ ਕੀਤਾ ਅਤੇ ਭਾਰਤ ਨੂੰ ਨਿਸ਼ਾਨੇਬਾਜ਼ੀ ਵਿੱਚ ਚੌਥਾ ਸੋਨ ਤਮਗਾ ਦਿਵਾਇਆ। ਚੀਨ ਨੂੰ ਚਾਂਦੀ ਜਦਕਿ ਵੀਅਤਨਾਮ ਨੂੰ ਕਾਂਸੀ ਦਾ ਤਗਮਾ ਮਿਲਿਆ। ਇਸਦੇ ਨਾਲ ਹੀ 50 ਮੀਟਰ ਰਾਈਫ਼ਲ ਸ਼ੂਟਿੰਗ ਵਿੱਚ ਸਿਫ਼ਤ ਕੌਰ ਸਮਰਾ ਨੇ ਵੀ ਸੋਨ ਤਮਗਾ ਜਿੱਤ ਕੇ ਭਾਰਤ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਹੁਣ ਤੱਕ ਭਾਰਤ ਨੇ ਏਸ਼ੀਅਨ ਖੇਡਾਂ ਵਿੱਚ ਸ਼ੂਟਿੰਗ, ਟੈਨਿਸ, ਘੋੜਸਵਾਰੀ, ਵੁਸ਼ੂ ਆਦਿ ਵਰਗਾਂ ਵਿਚ ਕੁੱਲ 24 ਤਮਗੇ ਜਿੱਤ ਲਏ ਹਨ ਜਿਹਨਾਂ 'ਚੋਂ 6 ਗੋਲਡ, 8 ਚਾਂਦੀ ਤੇ 10 ਕਾਂਸੀ ਦੇ ਮੈਡਲ ਸ਼ਾਮਲ ਹਨ।

## ਠਾਕੁਰੁ ਸਰਬੇ ਸਮਾਣਾ॥




ਗੁਰਬਾਣੀ ਦੇ ਸਿਧਾਂਤ ਨੂੰ ਸਮਝਾਉਣ ਲਈ ਦੋ ਵੱਖਰੇ ਸ਼ਬਦ— ਕਾਦਰ ਤੇ ਕੁਦਰਤ ਵਰਤੇ ਗਏ ਹਨ ਪਰ ਇਨ੍ਹਾਂ ਦੋਹਾਂ ਵਿਚ ਕੋਈ ਅਭੇਦਤਾ ਨਹੀਂ, ਇਨ੍ਹਾਂ ਦਾ ਆਂਤਰਿਕ ਅਰਥ ਇਕੋ ਹੈ। ਕਣ-ਕਣ 'ਚ ਕਾਦਰ ਆਪ ਵੱਸਦਾ ਹੈ— ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥ ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥ ਜਿਸ ਕਰਕੇ ਗੁਰੂ ਸਾਹਿਬਾਨ ਬਾਣੀ ਰਾਹੀਂ ਸਾਨੂੰ ਸੇਧ ਦਿੰਦਿਆਂ ਹੋਇਆਂ ਕਾਦਰ ਰੂਪੀ ਕੁਦਰਤ ਨੂੰ ਸਾਂਭਣ ਲਈ ਪ੍ਰੇਰਦੇ ਹਨ: ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ ਪਰ ਅਸੀਂ ਨਿਮਾਣੇ ਮਨੁੱਖ ਗੁਰਦੁਆਰਿਆਂ ਦੀਆਂ ਸਜਾਵਟਾਂ ਲਈ ਕਰੋੜਾਂ ਦੇ ਅਨਮੋਲ ਫੁੱਲਾਂ ਨੂੰ ਡਾਲੀ ਨਾਲੋਂ ਤੋੜ ਕੇ ਕੁਦਰਤ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਗੁਰੂਆਂ ਦੇ ਹੁਕਮ ਦੀ ਉਲੰਘਣਾ ਕਰਕੇ ਕੁਰਾਹੇ ਪੈ ਰਹੇ ਹਾਂ? ਅਜਿਹਾ ਕਰਦਿਆਂ ਅਸੀਂ ਸਿਰਫ਼ ਕੁਦਰਤ ਨੂੰ ਹੀ ਨਹੀਂ ਸਗੋਂ ਪੰਥ ਦੇ ਦਸਵੰਧ ਨੂੰ ਵੀ ਅਜਾਈਂ ਜ਼ਾਇਆ ਕਰ ਰਹੇ ਹਾਂ। ਗਰੀਬ ਕਾ ਮੂੰਹ ਗੁਰੂ ਕੀ ਗੋਲਕ ਮਹਾਂਵਾਕ ਅਨੁਸਾਰ ਦਸਵੰਧ ਨੂੰ ਲੋੜਵੰਦਾਂ ਲਈ ਵਰਤਣ ਦੀ ਲੋੜ ਹੈ ਤਾਂ ਜੋ ਕੌਮੀ ਵਿਕਾਸ ਬਰਾਬਰ ਲੀਹਾਂ 'ਤੇ ਹੋ ਸਕੇ। ਕੌਮ ਨੂੰ ਇਸ ਬਾਰੇ ਵਿਚਾਰ ਕਰਨ ਦੀ ਅਤੇ ਸੂਝਵਾਨ ਬਣਨ ਦੀ ਲੋੜ ਹੈ।

– ਪੁਸਤਕ **ਆਗਾਹਾ ਕੂ ਤ੍ਰਾਘਿ** 'ਚੋਂ

# DESH VIDESH

## ਕਿਸਾਨ ਮੇਲੇ ਤੇ ਇਸ ਸਾਲ 'ਸੁਖ' ਵੀ ਮਿਲੇਗਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲੇ ਤੇ ਇਸ ਸਾਲ ਬੀਜਾਂ, ਸਾਹਿਤ, ਸੰਦਾਂ ਦੇ ਨਾਲ ਨਾਲ 'ਸੁਖ' ਵੀ ਮਿਲੇਗਾ। ਇਹ ਉਪਰਾਲਾ ਲੁਧਿਆਣਾ ਸ਼ਹਿਰ ਦੀਆਂ ਕੁਝ ਉਤਸ਼ਾਹੀ ਬੀਬੀਆਂ ਕਰ ਰਹੀਆਂ ਹਨ। ਓਹਨਾਂ ਨੇ ਮਨ ਬਣਾਇਆ ਹੈ ਕਿ ਸਾਡੇ ਕਿਸਾਨ ਜੋ ਇਸ ਵੇਲੇ ਆਰਥਿਕ- ਸਮਾਜਿਕ ਸਮਸਿਆਵਾਂ ਨਾਲ ਜੂਝ ਰਹੇ ਹਨ ਓਹਨਾਂ ਨੂੰ ਹਲਾਸ਼ੇਰੀ ਅਤੇ ਉਤਸ਼ਾਹ ਦੇਣ ਦੀ ਲੋੜ ਹੈ।

ਬੀਬੀ ਅਮਰਜੀਤ ਕੌਰ ਨੇ ਦਸਿਆ ਕਿ ਉਹ ਕਿਸਾਨ ਮੇਲੇ ਤੇ ਕਿਸਾਨਾਂ ਨੂੰ ਸ੍ਰੀ ਸੁਖਮਨੀ ਸਾਹਿਬ ਦੀਆਂ ਸਟੀਕਾਂ ਫਰੀ ਵੰਡਣਗੇ ਅਤੇ ਓਹਨਾਂ ਨੂੰ ਪ੍ਰੇਰਨਾ ਕਰਨਗੇ ਕਿ ਗੁਰਬਾਣੀ ਨੂੰ ਪ੍ਰੇਮ ਭਿੱਜੀ ਖੋਜੀ ਬਿਰਤੀ ਨਾਲ ਪੜ੍ਹਿਆ ਤੇ 5 ਵਿਚਾਰਿਆ ਜਾਵੇ। ਓਹਨਾਂ ਨੇ ਕਿਹਾ ਕਿ ਸੁਖਮਨੀ ਅਸਲ ਵਿਚ ਸੁੱਖਾਂ ਦੀ ਮਣੀ ਹੈ। ਜੇਕਰ ਬੋਲ- ਬੋਲ ਕੇ, ਰੁਕ- ਰੁਕ ਕੇ, ਸਮਝ- ਸਮਝ ਕੇ, ਮੁਸਕੁਰਾ- ਮੁਸਕੁਰਾ ਕੇ, ਬਾਰ- ਬਾਰ ਬਾਣੀ ਪੜ੍ਹੀ ਜਾਵੇ ਤੇ ਆਤਮਕ ਬਲ ਵਿਚ ਵਾਧਾ ਹੁੰਦਾ ਹੈ ਤੇ ਮਨੁੱਖ ਵਡੀਆਂ ਮੁਸੀਬਤਾਂ ਦਾ ਟਾਕਰਾ ਕਰਨ ਲਈ ਸਮਰਥ ਹੋ ਜਾਂਦਾ ਹੈ।

ਓਹਨਾਂ ਦਸਿਆ ਕਿ ਲਗਭਗ 50 ਬੀਬੀਆਂ ਦਾ ਜਥਾ ਮੇਲੇ ਦੇ ਦੋਨੋਂ ਦਿਨ ਕਿਸਾਨਾਂ ਨੂੰ ਇਹ ਪ੍ਰੇਰਣਾ ਕਰਨਗੀਆਂ ਕਿ- ਬਿਨ ਹਰਿ ਭਜਨ ਨਾਹੀ ਛੁਟਕਾਰਾ। ਬਿਨਾ ਪਰਮਾਤਮਾ ਦੀ ਭਗਤੀ ਕੀਤਿਆਂ ਸਾਡਾ ਛੁਟਕਾਰਾ ਸੰਭਵ ਨਹੀਂ। ਇਸ ਲਈ ਕਿਸਾਨ ਵੀਰ ਕਿਸੇ ਹੋਰ ਪਾਸਿਓ ਛੁਟਕਾਰਾ ਲੈਣ ਵਿਚ ਖਜਲ ਖੁਆਰ ਨਾ ਹੋਣ। ਮੇਲੇ ਵਿਚ ਥਾਂ ਥਾਂ ਤੇ ਬਿਨ ਹਰਿ ਭਜਨ ਨਾਹੀ ਛੁਟਕਾਰਾ, ਸੁਖਮਨੀ- ਸੁਖਾਂ ਦੀ ਮਣੀ ਅਤੇ ਸੁਖਮਨੀ ਵਿਚਾਰੀਏ- ਸੁਖ ਹੀ ਸੁਖ ਮਾਣੀਏ ਦੇ ਬੈਨਰ ਤੇ ਪੋਸਟਰ ਵੀ ਲਗਾਏ ਜਾਣਗੇ। - ਉਰਵਿੰਦਰ ਸਿੰਘ




| | | |
|---|---|---|
| ਚੇਤ ਮਹੀਨਾ ਸ਼ੁਰੂ | 01 ਚੇਤ | 14 ਮਾਰਚ |
| ਹੋਲਾ ਮਹੱਲਾ | 01 ਚੇਤ | 14 ਮਾਰਚ |
| ਨਵਾਂ ਸਾਲ ਸ਼ੁਰੂ ਸੰਮਤ ਨਾਨਕਸ਼ਾਹੀ | 01 ਚੇਤ | 14 ਮਾਰਚ |
| ਗੁਰਗੱਦੀ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ | 01 ਚੇਤ | 14 ਮਾਰਚ |
| ਸ: ਬਘੇਲ ਸਿੰਘ ਵੱਲੋਂ ਦਿੱਲੀ ਫਤਹਿ | 02 ਚੇਤ | 15 ਮਾਰਚ |
| ਜੋਤੀ-ਜੋਤ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 06 ਚੇਤ | 19 ਮਾਰਚ |
| ਸ਼ਹੀਦੀ ਸ: ਭਗਤ ਸਿੰਘ | 10 ਚੇਤ | 23 ਮਾਰਚ |
| ਸ਼ਹੀਦੀ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ | 12 ਚੇਤ | 25 ਮਾਰਚ |
| ਜਨਮ ਸਾਹਿਬਜ਼ਾਦਾ ਜੁਝਾਰ ਸਿੰਘ | 27 ਚੇਤ | 9 ਅਪ੍ਰੈਲ |
| ਸਿੱਖ ਦਸਤਾਰ ਦਿਵਸ | 31 ਚੇਤ | 13 ਅਪ੍ਰੈਲ |
| ਵੈਸਾਖ ਮਹੀਨਾ ਸ਼ੁਰੂ | 01 ਵੈਸਾਖ | 14 ਅਪ੍ਰੈਲ |
| ਪ੍ਰਕਾਸ਼ ਸ਼੍ਰੀ ਗੁਰੂ ਨਾਨਕ ਸਾਹਿਬ ਜੀ | 01 ਵੈਸਾਖ | 14 ਅਪ੍ਰੈਲ |
| ਖ਼ਾਲਸਾ ਸਾਜਨਾ ਦਿਵਸ (ਵੈਸਾਖੀ) | 01 ਵੈਸਾਖ | 14 ਅਪ੍ਰੈਲ |
| ਗੁਰਗੱਦੀ ਪਾਤਸ਼ਾਹੀ 3 ਅਤੇ 9 | 03 ਵੈਸਾਖ | 16 ਅਪ੍ਰੈਲ |
| ਜੋਤੀ-ਜੋਤ ਪਾਤਸ਼ਾਹੀ 2 ਅਤੇ 8 | 03 ਵੈਸਾਖ | 16 ਅਪ੍ਰੈਲ |
| ਪ੍ਰਕਾਸ਼ ਪਾਤਸ਼ਾਹੀ 2 ਅਤੇ 9 | 05 ਵੈਸਾਖ | 18 ਅਪ੍ਰੈਲ |
| ਪ੍ਰਕਾਸ਼ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ | 21 ਅਪ੍ਰੈਲ |
| ਜਨਮ ਦਿਨ ਭਗਤ ਫ਼ਰੀਦ ਜੀ | 13 ਵੈਸਾਖ | 26 ਅਪ੍ਰੈਲ |
| ਪ੍ਰਕਾਸ਼ ਸ਼੍ਰੀ ਗੁਰੂ ਅਰਜਨ ਸਾਹਿਬ ਜੀ | 19 ਵੈਸਾਖ | 02 ਮਈ |
| ਸ਼ਹੀਦੀ ਚਾਲੀ ਮੁਕਤੇ (ਮੁਕਤਸਰ ਸਾਹਿਬ) | 21 ਵੈਸਾਖ | 04 ਮਈ |
| ਜੇਠ ਮਹੀਨਾ ਸ਼ੁਰੂ | 01 ਜੇਠ | 15 ਮਈ |
| ਛੋਟਾ ਘਲੂਘਾਰਾ | 03 ਜੇਠ | 17 ਮਈ |
| ਪ੍ਰਕਾਸ਼ ਸ਼੍ਰੀ ਗੁਰੂ ਅਮਰਦਾਸ ਜੀ | 09 ਜੇਠ | 23 ਮਈ |
| ਵਿਸ਼ਵ ਤੰਬਾਕੂ ਵਿਰੋਧੀ ਦਿਵਸ | 17 ਜੇਠ | 31 ਮਈ |
| ਸ਼੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ (1984) | 21 ਜੇਠ | 04 ਜੂਨ |
| ਗੁਰਗੱਦੀ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 28 ਜੇਠ | 11 ਜੂਨ |
| ਹਾੜ ਮਹੀਨਾ ਸ਼ੁਰੂ | 01 ਹਾੜ | 15 ਜੂਨ |
| ਸ਼ਹੀਦੀ ਦਿਵਸ ਸ਼੍ਰੀ ਗੁਰੂ ਅਰਜਨ ਸਾਹਿਬ ਜੀ | 02 ਹਾੜ | 16 ਜੂਨ |
| ਜਨਮ ਦਿਨ ਭਗਤ ਕਬੀਰ ਜੀ | 4 ਹਾੜ | 18 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ ਜੀ | 11 ਹਾੜ | 25 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ | 29 ਜੂਨ |
| ਸਿਰਜਣਾ ਦਿਵਸ ਸ਼੍ਰੀ ਅਕਾਲ ਤਖ਼ਤ ਸਾਹਿਬ | 18 ਹਾੜ | 02 ਜੁਲਾਈ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 21 ਹਾੜ | 05 ਜੁਲਾਈ |
| ਸ਼ਹੀਦੀ ਭਾਈ ਮਨੀ ਸਿੰਘ ਜੀ | 25 ਹਾੜ | 09 ਜੁਲਾਈ |
| ਸਾਵਣ ਮਹੀਨਾ ਸ਼ੁਰੂ | 01 ਸਾਵਣ | 16 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | 01 ਸਾਵਣ | 16 ਜੁਲਾਈ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 06 ਸਾਵਣ | 21 ਜੁਲਾਈ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 08 ਸਾਵਣ | 23 ਜੁਲਾਈ |
| ਸ਼ਹੀਦੀ ਸ: ਊਧਮ ਸਿੰਘ ਜੀ | 16 ਸਾਵਣ | 31 ਜੁਲਾਈ |
| ਮੋਰਚਾ ਗੁਰੂ ਕਾ ਬਾਗ | 24 ਸਾਵਣ | 08 ਅਗਸਤ |
| ਭਾਦੋਂ ਮਹੀਨਾ ਸ਼ੁਰੂ | 1 ਭਾਦੋਂ | 16 ਅਗਸਤ |
| ਸੰਪੂਰਨਤਾ ਦਿਵਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 15 ਭਾਦੋਂ | 30 ਅਗਸਤ |
| ਪਹਿਲਾ ਪ੍ਰਕਾਸ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 17 ਭਾਦੋਂ | 01 ਸਤੰਬਰ |
| ਅੱਸੂ ਮਹੀਨਾ ਸ਼ੁਰੂ | 01 ਅੱਸੂ | 15 ਸਤੰਬਰ |
| ਗੁਰਗੱਦੀ ਪਾਤਸ਼ਾਹੀ 4 ਅਤੇ 5 | 02 ਅੱਸੂ | 16 ਸਤੰਬਰ |
| ਜੋਤੀ-ਜੋਤ ਪਾਤਸ਼ਾਹੀ 3 ਅਤੇ 4 | 02 ਅੱਸੂ | 16 ਸਤੰਬਰ |
| ਗੁਰਗੱਦੀ ਗੁਰੂ ਅੰਗਦ ਸਾਹਿਬ ਜੀ | 04 ਅੱਸੂ | 18 ਸਤੰਬਰ |
| ਜੋਤੀ-ਜੋਤ ਸ਼੍ਰੀ ਗੁਰੂ ਨਾਨਕ ਸਾਹਿਬ ਜੀ | 08 ਅੱਸੂ | 22 ਸਤੰਬਰ |
| ਜੋੜ ਮੇਲਾ ਬੀੜ ਬਾਬਾ ਬੁੱਢਾ ਜੀ | 21 ਅੱਸੂ | 05 ਅਕਤੂਬਰ |
| ਪ੍ਰਕਾਸ਼ ਸ਼੍ਰੀ ਗੁਰੂ ਰਾਮਦਾਸ ਜੀ | 25 ਅੱਸੂ | 09 ਅਕਤੂਬਰ |
| ਸ਼ਹੀਦੀ ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਹਰਜਿੰਦਰ ਸਿੰਘ ਜਿੰਦਾ | 25 ਅੱਸੂ | 09 ਅਕਤੂਬਰ |
| ਕੱਤਕ ਮਹੀਨਾ ਸ਼ੁਰੂ | 01 ਕੱਤਕ | 15 ਅਕਤੂਬਰ |
| ਗੁਰਗੱਦੀ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਜੋਤੀ-ਜੋਤ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਗੁਰਗੱਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ | 06 ਕੱਤਕ | 20 ਅਕਤੂਬਰ |
| ਜੋਤੀ-ਜੋਤ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 07 ਕੱਤਕ | 21 ਅਕਤੂਬਰ |
| ਸਥਾਪਨਾ ਚੀਫ ਖ਼ਾਲਸਾ ਦੀਵਾਨ | 14 ਕੱਤਕ | 28 ਅਕਤੂਬਰ |
| ਸਾਕਾ ਪੰਜਾ ਸਾਹਿਬ | 14 ਕੱਤਕ | 28 ਅਕਤੂਬਰ |
| ਸ਼ਹੀਦੀ ਭਾਈ ਬੇਅੰਤ ਸਿੰਘ | 17 ਕੱਤਕ | 31 ਅਕਤੂਬਰ |
| ਜਨਮ ਦਿਨ ਭਗਤ ਨਾਮਦੇਵ ਜੀ | 29 ਕੱਤਕ | 12 ਨਵੰਬਰ |
| ਸ਼ਹੀਦੀ ਬਾਬਾ ਦੀਪ ਸਿੰਘ | 30 ਕੱਤਕ | 13 ਨਵੰਬਰ |
| ਮੱਘਰ ਮਹੀਨਾ ਸ਼ੁਰੂ | 01 ਮੱਘਰ | 14 ਨਵੰਬਰ |
| ਸਥਾਪਨਾ ਸ਼੍ਰੋ : ਗੁਰਦੁਆਰਾ ਪ੍ਰਬੰਧਕ ਕਮੇਟੀ | 01 ਮੱਘਰ | 14 ਨਵੰਬਰ |
| ਗੁਰਗੱਦੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 11 ਮੱਘਰ | 24 ਨਵੰਬਰ |
| ਸ਼ਹੀਦੀ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ | 11 ਮੱਘਰ | 24 ਨਵੰਬਰ |
| ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ | 11 ਮੱਘਰ | 24 ਨਵੰਬਰ |
| ਜਨਮ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | 15 ਮੱਘਰ | 28 ਨਵੰਬਰ |
| ਸ਼ਹੀਦੀ ਬਾਬਾ ਗੁਰਬਖ਼ਸ਼ ਸਿੰਘ ਜੀ | 19 ਮੱਘਰ | 02 ਦਸੰਬਰ |
| ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ | 29 ਮੱਘਰ | 12 ਦਸੰਬਰ |
| ਸਥਾਪਨਾ ਸ਼੍ਰੋਮਣੀ ਅਕਾਲੀ ਦਲ | 30 ਮੱਘਰ | 13 ਦਸੰਬਰ |
| ਪੋਹ ਮਹੀਨਾ ਸ਼ੁਰੂ | 01 ਪੋਹ | 14 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ, ਬਾਬਾ ਜੀਵਨ ਸਿੰਘ ਜੀ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 8 ਪੋਹ | 21 ਦਸੰਬਰ |
| ਸ਼ਹੀਦੀ ਬਾਬਾ ਸੰਗਤ ਸਿੰਘ ਜੀ | 09 ਪੋਹ | 22 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ | 13 ਪੋਹ | 26 ਦਸੰਬਰ |
| ਜਨਮ ਸ਼ਹੀਦ ਭਾਈ ਊਧਮ ਸਿੰਘ ਜੀ | 13 ਪੋਹ | 26 ਦਸੰਬਰ |
| ਪ੍ਰਕਾਸ਼ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ | 23 ਪੋਹ | 05 ਜਨਵਰੀ |
| ਮਾਘ ਮਹੀਨਾ ਸ਼ੁਰੂ | 01 ਮਾਘ | 13 ਜਨਵਰੀ |
| ਜੋੜ ਮੇਲਾ ਮਾਘੀ ਮੁਕਤਸਰ ਸਾਹਿਬ | 01 ਮਾਘ | 13 ਜਨਵਰੀ |
| ਨੀਂਹ ਪੱਥਰ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅੰਮ੍ਰਿਤਸਰ | 01 ਮਾਘ | 13 ਜਨਵਰੀ |
| ਚਾਬੀਆਂ ਦਾ ਮੋਰਚਾ | 07 ਮਾਘ | 19 ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | 14 ਮਾਘ | 26 ਜਨਵਰੀ |
| ਪ੍ਰਕਾਸ਼ ਸ਼੍ਰੀ ਗੁਰੂ ਹਰਿਰਾਇ ਸਾਹਿਬ ਜੀ | 19 ਮਾਘ | 31 ਜਨਵਰੀ |
| ਜੋੜਮੇਲਾ ਕੋਠਾ ਸਾਹਿਬ (ਵੱਲਾ) | 25 ਮਾਘ | 06 ਫਰਵਰੀ |
| ਵੱਡਾ ਘੱਲੂਘਾਰਾ (ਕੁੱਪ-ਰੋਹੀੜਾ) | 27 ਮਾਘ | 08 ਫਰਵਰੀ |
| ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 30 ਮਾਘ | 11 ਫਰਵਰੀ |
| ਫੱਗਣ ਮਹੀਨਾ ਸ਼ੁਰੂ | 01 ਫੱਗਣ | 12 ਫਰਵਰੀ |
| ਜਨਮ ਦਿਨ ਭਗਤ ਰਵਿਦਾਸ ਜੀ | 01 ਫੱਗਣ | 12 ਫਰਵਰੀ |
| ਬੰਦੀਛੋੜ ਦਿਹਾੜਾ | 01 ਫੱਗਣ | 12 ਫਰਵਰੀ |
| ਸਾਕਾ ਨਨਕਾਣਾ ਸਾਹਿਬ | 10 ਫੱਗਣ | 21 ਫਰਵਰੀ |
| ਜੈਤੋ ਦਾ ਮੋਰਚਾ | 10 ਫੱਗਣ | 21 ਫਰਵਰੀ |
| ਕੌਮਾਂਤਰੀ ਮਹਿਲਾ ਦਿਵਸ | 25 ਫੱਗਣ | 08 ਮਾਰਚ |

## ਡਾ. ਦੀਪ ਸਿੰਘ ਨੂੰ ਪ੍ਰੈਜ਼ੀਡੈਂਸ਼ੀਅਲ ਲਾਈਫ਼ਟਾਈਮ ਅਚੀਵਮੈਂਟ ਐਵਾਰਡ



ਅਮਰੀਕਾ ਦੇ ਨਿਊਯਾਰਕ 'ਚ ਵੱਸਦੇ ਪੰਜਾਬੀ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਡਾ. ਦੀਪ ਸਿੰਘ ਨੂੰ ਪ੍ਰੈਜ਼ੀਡੈਂਸ਼ੀਅਲ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਮਿਲਣ 'ਤੇ ਖੇਡ ਪ੍ਰੇਮੀਆਂ ਅਤੇ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਹੈ। ਉਹਨਾਂ ਨੂੰ ਇਹ ਐਵਾਰਡ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਵਲੋਂ ਵਾਈਟ ਹਾਊਸ 'ਚ ਦਿੱਤਾ ਗਿਆ। ਚੰਡੀਗੜ੍ਹ ਦੇ ਜੰਮਪਲ ਡਾ. ਦੀਪ ਸਿੰਘ ਸਿੱਧੂ ਨੂੰ ਅਮਰੀਕਾ 'ਚ ਦੇਸੀ ਖੇਡਾਂ- ਗਤਕਾ, ਕਬੱਡੀ, ਕੁਸ਼ਤੀਆਂ ਆਦਿ ਨੂੰ ਹੱਲਾਸ਼ੇਰੀ ਦੇਣ, ਖ਼ੂਨ-ਦਾਨ ਕੈਂਪ ਲਾਉਣ ਵਰਗੀਆਂ ਸੇਵਾਵਾਂ ਕਰਕੇ ਇਸ ਐਵਾਰਡ ਨਾਲ ਨਿਵਾਜਿਆ ਗਿਆ ਹੈ।

## ਗੁਰਜਿੰਦਰਪਾਲ ਸਿੰਘ ਬਣਿਆ ਜਸਟਿਸ ਆਫ਼ ਪੀਸ

ਰੋਪੜ ਦੇ ਲਾਗੇ ਪਿੰਡ ਜਟਾਣਾ ਦੇ ਵਸਨੀਕ ਮਨਮੋਹਨ ਸਿੰਘ ਦਾ ਪੁੱਤਰ ਗੁਰਜਿੰਦਰਪਾਲ ਸਿੰਘ ਆਸਟਰੇਲੀਆ ਦੇ ਰਾਜ ਨਿਊ ਸਾਊਥ ਵੇਲਜ਼ ਦਾ ਜਸਟਿਸ ਆਫ਼ ਪੀਸ ਬਣ ਗਿਆ ਹੈ। ਗੁਰਜਿੰਦਰਪਾਲ ਸਿੰਘ ਦੀ ਤੈਨਾਤੀ ਡਿਪਾਰਟਮੈਂਟ ਆਫ਼ ਕਮਿਊਨਿਟੀ ਐਂਡ ਜਸਟਿਸ ਵਿਭਾਗ ਵਿਚ ਕੀਤੀ ਗਈ ਹੈ।

## ਏਸ਼ੀਆਈ ਖੇਡਾਂ 'ਚ ਪੰਜਾਬ ਦੇ ਖਿਡਾਰੀ ਚਮਕੇ

ਚੀਨ ਦੇ ਹਾਂਗਜ਼ੂ 'ਚ ਚਲ ਰਹੀਆਂ ਏਸ਼ੀਆਈ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਬਿਹਤਰ ਪ੍ਰਦਰਸ਼ਨ ਕਰਦਿਆਂ ਕ੍ਰਿਕਟ, ਰੋਇੰਗ ਤੇ ਸ਼ੂਟਿੰਗ ਵਿੱਚ ਸੋਨ ਤੇ ਕਾਂਸੀ ਦੇ ਤਮਗ਼ੇ ਆਪਣੇ ਨਾਂ ਕੀਤੇ ਹਨ। ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਫਾਈਨਲ ਵਿੱਚ ਸ੍ਰੀ ਲੰਕਾ ਨੂੰ ਹਰਾ ਕੇ ਸੋਨ ਤਮਗ਼ਾ ਜਿੱਤਿਆ ਹੈ। ਇਸ ਟੀਮ ਵਿੱਚ ਕਪਤਾਨ ਹਰਮਨਪ੍ਰੀਤ ਕੌਰ, ਅਮਨਜੋਤ ਕੌਰ ਤੇ ਕਨਿਕਾ ਅਹੂਜਾ ਪੰਜਾਬ ਤੋਂ ਹਨ। ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਦੋ ਖਿਡਾਰੀ ਸੁਖਮੀਤ ਸਿੰਘ ਤੇ ਸਤਨਾਮ ਸਿੰਘ ਦੀ ਬਦੌਲਤ ਭਾਰਤੀ ਟੀਮ ਨੇ ਰੋਇੰਗ ਵਿੱਚ ਪੁਰਸ਼ਾਂ ਦੀ ਕੁਆਡਰਪਲ ਸਕੱਲਜ਼ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਅਤੇ ਪੁਰਸ਼ ਫੌਰਜ਼ ਮੁਕਾਬਲੇ ਵਿੱਚ ਵੀ ਕਾਂਸੀ ਦਾ ਤਮਗ਼ਾ ਜਿੱਤਿਆ ਜਿਸ ਵਿੱਚ ਪੰਜਾਬ ਦਾ ਜਸਵਿੰਦਰ ਸਿੰਘ ਸ਼ਾਮਿਲ ਸੀ। ਰੈਪਿਡ ਫਾਇਰ ਪਿਸਟਲ ਵਿੱਚ ਜੋ ਕਾਂਸੀ ਦਾ ਤਮਗ਼ਾ ਹਾਸਿਲ ਹੋਇਆ ਉਸ ਵਿੱਚ ਪੰਜਾਬ ਦਾ ਵਿਜੈਵੀਰ ਸਿੱਧੂ ਸ਼ਾਮਲ ਹੈ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਹਨਾਂ ਸਭ ਖਿਡਾਰੀਆਂ ਨੂੰ ਵਧਾਈ ਦਿੱਤੀ ਹੈ ਜਿਨ੍ਹਾਂ ਤਮਗ਼ੇ ਹਾਸਲ ਕਰਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ।

### ਕਾਰਜ

kāraja

Var: ਕਾਰਜੁ, ਕਾਰਜਿ



Sanskrit, Noun/Adjective

(੧) ਕੰਮ, ਧੰਦਾ (੨) ਮਤਲਬ ਦੀ

1) Affair, Pursuit, Activity, Work, Action

2) Of avail, Of use

ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥

My Husband Lord has come into my home, and my place is adorned and decorated. Through the Shabad, my affairs have been resolved.

(Guru Nanak Dev Ji - Ang 764)

ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ ॥੧॥

Those who come to the Sanctuary of the True Guru are saved, and all their affairs are resolved.

# SIKH HERITAGE

## Fifteen from Nishan-e-Sikhi clear NDA test



Nearly, 15 candidates of Nishan-e-Sikhi Preparatory Institute, Khadur Sahib, have cleared the NDA test conducted by the UPSC this year. The institute has been providing coaching to the needy and deserving rural youth by providing them with every possible facility, especially free boarding and lodging at Khadur Sahib.

## ਉਡੀਕ



ਅੱਖਾਂ ਦੀ ਉਡੀਕ, ਨਾ ਉਦੋਂ ਤੱਕ ਮੁੱਕਦੀ,
ਜਦ ਤੱਕ "ਆਹਟ" ਨਾ , ਤੇਰੀ ਬੂਹੇ ਤੇ ਢੁੱਕਦੀ।
ਔਸ਼ੀਆਂ ਦੇ ਨਾਲ , ਲੰਘ ਗਏ ਕਈ ਸਾਲ ਵੇ,
ਰਾਤਾਂ ਦੀ ਰਾਣੀ (ਨੀਂਦ), ਨਾ ਹੁਣ ਪਾਵੇ ਕੋਈ ਬਾਤ ਵੇ,
ਬੁੱਢੜੀਆਂ ਅੱਖੀਆਂ 'ਚੋ', ਹੰਝੂ ਪਾਉਣ ਤੇਰੀ ਝਾਤ ਵੇ,
ਯਾਦਾਂ ਦੀ ਬਰਾਤ ਜਦ, ਪਹੁ-ਫੁਟਾਲੇ ਫਿਰ ਢੁੱਕਦੀ।
ਅੱਖਾਂ ਦੀ ਉਡੀਕ, ਨਾ ਹੁਣ ਮੇਰੀ ਮੁੱਕਦੀ ....
ਕਰ -ਕਰ ਅਰਦਾਸਾਂ, ਬੁੱਢਾ ਹੋਇਆ ਲੱਕ ਵੇ,
ਛੱਡਿਆ ਨਾ ਮੁਨਾਰ ਕੋਈ,ਨਾ ਕੋਈ ਪੀਰ-ਰੱਬ ਵੇ,
ਖਾਲੀ ਦੀਵਿਆਂ 'ਚ' ਲੋਅ, ਜਾਵੇ ਹੁਣ ਝੁਕਦੀ ।
ਅੱਖਾਂ ਦੀ ਉਡੀਕ, ਨਾ ਹੁਣ ਮੇਰੀ ਮੁੱਕਦੀ ....
ਬਾਪੂ ਵੀ ਤੇਰਾ ਹੁਣ,ਜਾਵੇ ਪਲ-ਪਲ ਥੱਕਦਾ,
ਅੱਖਾਂ ਉਤੇ ਹੱਥ ਧਰ,ਰਹੇ ਪਰਛਾਵਾਂ(ਫੋਟੋ) ਤੇਰਾ ਤੱਕਦਾ,
ਮਿਲੇ ਕੋਈ ਰਾਹੀ,ਜਦ ਤੇਰੇ ਰਾਹਾਂ ਦਾ,
ਨਾਲ ਹਾਉਕਿਆਂ,ਫਿਰ ਸੁਖ ਰਹੇ ਤੇਰੀ ਪੁੱਛਦਾ,
ਵਿੱਚ ਫਿਕਰਾਂ ਲੜੀ, ਸ਼ਾਹਾਂ ਦੀ ਪਈ ਸੁੱਕਦੀ ।
ਅੱਖਾਂ ਦੀ ਉਡੀਕ, ਨਾ ਹੁਣ ਮੇਰੀ ਮੁੱਕਦੀ ....
ਖਿੱਚ ਤੂੰ ਲਗਾਮ, ਵਕਤ ਨੇ ਜੋ ਪਾਈ ਵੇ,
ਖਲੋ ਕੇ ਤਾ ਵੇਖ,ਅਵਾਜ ਕਿਥੋਂ ਆਈ ਵੇ,
ਮੋੜ ਤੂੰ ਮੁਹਾਰ , ਨਾ ਜਾਵੇ ਆਸ ਟੁੱਟ ਵੇ,
ਗਲ ਨਾਲ ਲਾ-ਲਾ ,ਆ ਕੇ "ਪਰਮ" ਪੁੱਤ ਵੇ ।
ਅੱਖੀਆਂ ਦੀ ਉਡੀਕ, ਜਾਵੇ ਹੁਣ ਮੁੱਕ ਵੇ...
ਅੱਖੀਆਂ ਦੀ ਉਡੀਕ, ਜਾਵੇ ਹੁਣ ਮੁੱਕ ਵੇ...।

- ਪਰਮਜੀਤ ਕੌਰ (ਜਰਮਨੀ),ਸਿੱਖ ਐਜੂਕੇਸ਼ਨ ਬੈਲਜ਼ੀਅਮ

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਨਾਨਕ ਸਾਹਿਬ ਨੇ ਕਿਹੜਾ ਸ਼ਹਿਰ ਵਸਾਇਆ?**
a. ਕੀਰਤਪੁਰ
b. ਅੰਮ੍ਰਿਤਸਰ
c. ਕਰਤਾਰਪੁਰ
d. ਖਡੂਰ

**2. ਗੁਰੂ ਅੰਗਦ ਸਾਹਿਬ ਨੇ ਕਿਹੜਾ ਸ਼ਹਿਰ ਵਸਾਇਆ?**
a. ਗੋਇੰਦਵਾਲ
b. ਆਨੰਦਪੁਰ
c. ਖਡੂਰ
d. ਕੀਰਤਪੁਰ

**3. ਗੁਰੂ ਅਮਰਦਾਸ ਸਾਹਿਬ ਨੇ ਕਿਹੜਾ ਸ਼ਹਿਰ ਵਸਾਇਆ?**
a. ਕੀਰਤਪੁਰ
b. ਅੰਮ੍ਰਿਤਸਰ
c. ਕਰਤਾਰਪੁਰ
d. ਗੋਇੰਦਵਾਲ

**4. ਗੁਰੂ ਰਾਮਦਾਸ ਜੀ ਨੇ ਕਿਹੜਾ ਸ਼ਹਿਰ ਵਸਾਇਆ?**
a. ਅੰਮ੍ਰਿਤਸਰ
b. ਆਨੰਦਪੁਰ
c. ਖਡੂਰ
d. ਕੀਰਤਪੁਰ

(ਦੇਖੋ ਉੱਤਰ ਪੰਨਾ 4 'ਤੇ)


Explore the World with
Amar Holidays Pvt. Ltd.

Gurpreet Singh
Director

(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

# *Vidya da Langar*

Gursikh Education Society (Regd), Dehradun , India

The question "What would be a true homage to our guru on the occasion of 300 years of guruship of Sri Guru Granth sahib ji" gave birth to an idea which has become a revolution . It was the beginning of "Vidya da Langar." In the year 2010 Gursikh Education Society was established, whose primary focus was to provide financial assistance to those needy sikh students who are desirous of pursuing education, from kindergarten to professional levels but lack financial resources . The idea is to create educated and responsible gursikh proffessionals through excellence in education and ethical standards of livings by following the principles as laid down in Sri guru Granth Sahib ji thereby to create Gursikh role Models for the society.

The society started by keeping Golaks in the houses to contribute towards this noble cause. In the first year the financial assistance was provided to 60 students which has risen to 400 students annually in the form of School/college/tution fees , Books , uniform etc.

Over the period of 13 years society has extended support to many students to pursue higher education viz. Btech, BCA, Mtech, Hotel Managemnt, MBA, etc. Some of the students have been Alumini of prestigious institutes like IIT, IIM, NIFT etc. All students who have completed the courses are placed with esteemed organisations earning healthy packages and are contributing part of their daswand towards the cause of the society which is about 20% of the annual contributions to the society .

The efforts of the society have been instrumental in bringing positive change into the lives of the less fortunate, opened up their doors to reap a bright future for tomorrow. Above everything else, it is the blessings of Sri Guru Nanak Devji. GES president calls GES as "Guru Nanak da Ghar" and instructed everyone that anybody who enters the office here is sent by Sri Guru Nanak Devji whether he is a donor or a needy child/parent. Once the child is taken under the aegis of GES, he/she is mentored to imbibe the three basic principles of Sri Guru Nanak sahib - Kirat Karo, Naam Japo and Vand Chakko, and also given a copy of Sikh Rehat Maryada and asked to follow it.

**"Our mission is to make our panth the most educated panth of the world by the year 2040".**

Contact: 9837210234, 9719743226, 9897035046
Email: gursikheducationsociety@gmail.com
Website : www.gursikheducation.org

## ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਕੀਤਾ ਗਿਆ ਸਾਹਿਤਕ ਪ੍ਰੋਗਰਾਮ



ਸਿਆਟਲ (ਪੰਜਾਬੀ ਅਖ਼ਬਾਰ ਬਿਊਰੋ) ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਕੈਂਟ ਸਿਆਟਲ, ਕੈਨੇਡਾ ਵਿਖੇ ਗੀਤਾਂ ਕਵਿਤਾਵਾਂ ਅਤੇ ਸ਼ੁਭ ਵਿਚਾਰਾਂ ਦਾ ਇਕ ਸਾਹਿਤਕ ਪ੍ਰੋਗਰਾਮ ਜੋ ਪੰਜਾਬੀਅਤ ਨੂੰ ਸਮਰਪਿਤ ਸੀ, ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਕੈਨੇਡਾ 'ਚ ਵੱਸਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਅਜੋਕੀ ਪੀੜ੍ਹੀ ਨੂੰ ਸਾਹਿਤ ਵਲ ਰੁਚੀ ਵਧਾਉਣ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਇਸ ਸਮੁੱਚੇ ਪ੍ਰੋਗਰਾਮ ਦਾ ਸਿੱਧਾ ਸਿੱਧਾ ਪ੍ਰਸਾਰਣ ਫੇਸਬੁਕ 'ਤੇ ਵੀ ਕੀਤਾ ਗਿਆ।


## SIKH MATRIMONIALS

Gursikh Jat Sikh girl 31/5'6"/MTech/Working as Database administrator in Toronto/Canada PR/ Contact +1 4379733288

Gursikh Boy 24/ 5'4"/In Canada on work permit/ PG certificates from Niagara and Cambrain Colleges.Amrithdhari Educated Girl preferred. Contact+91 88102 30637.

Gursikh girl MBA/ 39' /5'4"/ Divorced Now doing MBA from UK/Seeking Educated Boy from UK,Canada Contact+91 9811368469


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. D 4. A

Chief Editor: Dr. Harjinder Singh Editor: Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)


email: canadasikhtimes@gmail.com, M: +1 437 673 7555